# PUNJABI

## (Second Language)

***Maximum Marks : 80***

***Time Allowed : Three Hours***

1. *Answers to this Paper must be written on the paper provided separately.*
2. *You will **not** be allowed to write during the first 15 minutes.*
3. *This time is to be spent in reading the question paper.*
4. ***The time given at the head of this Paper is the time allowed for writing the answers.***

5. *This paper comprises two Sections;* ***Section A*** *and* ***Section B.***
6. *Attempt* ***all*** *the questions from* ***Section A.***
7. *Attempt* ***four*** *questions from* ***Section B****, answering at least* ***one*** *question each from the* ***two*** *books you have studied and* ***any two*** *other questions from the same books that you have compulsorily chosen.*
8. *The intended marks for questions or parts of questions are given in brackets [ ].*

***Instruction for the Supervising Examiner***

*Kindly read aloud the instructions given above to all the candidates present in the Examination Hall.*



Downloaded From www.icseboard.org

## SECTION—A (40 Marks)

*Attempt all questions from this section.*

**Question 1**

Write a short composition in **Punjabi** of approximately **250** words on any **one** of the following topics :— [15]

ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਘੱਟੋ-ਘੱਟ 250 ਸ਼ਬਦਾਂ ਦਾ ਲੇਖ **ਪੰਜਾਬੀ** ਵਿੱਚ ਲਿਖੋ :—

(i) ਸਾਡਾ ਸਮਾਜ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਨਾਲ ਘਿਰਿਆ ਹੋਇਆ ਹੈ। ਕਿਸੇ ਇੱਕ ਸਮਾਜਿਕ ਬੁਰਾਈ ਤੇ ਵਿਸਥਾਰ ਸਹਿਤ ਲਿਖੋ।

(ii) ਅਨੁਸ਼ਾਸਨ ਦੀ ਵਿਦਿਆਰਥੀ ਜੀਵਨ ਵਿੱਚ ਮਹੱਤਵਪੂਰਨ ਥਾਂ ਹੈ। ਇਹਨਾਂ ਦੋਹਾਂ ਦਾ ਸੰਬੰਧ ਦੱਸਦੇ ਹੋਏ ਇਸ ਤੇ ਇੱਕ ਲੇਖ ਲਿਖੋ।

(iii) ਅੱਖੀ ਡਿੱਠੇ ਮੈਚ ਦਾ ਹਾਲ।

(iv) 'ਏਕੇ ਦੀ ਬਰਕਤ' ਇਸ ਨਾਲ ਸੰਬੰਧਿਤ ਵਿਚਾਰ, ਘਟਨਾ ਜਾਂ ਮੌਲਿਕ ਕਹਾਣੀ ਲਿਖੋ।

(v) ਹੇਠਾਂ ਦਿੱਤੀ ਤਸਵੀਰ ਨੂੰ ਦੇਖ ਕੇ ਤੁਹਾਡੇ ਮਨ ਵਿੱਚ ਜੋ ਵਿਚਾਰ ਜਾਂ ਖਿਆਲ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਕਿਸੇ ਘਟਨਾ, ਮੌਲਿਕ ਕਹਾਣੀ ਜਾਂ ਲੇਖ ਰਾਹੀ ਪੇਸ਼ ਕਰੋ।



Downloaded from www.icseboard.org

**Question 2**

Write a letter in **Punjabi** in approximately **120** words on any **one** of the topics given below :— [7]

ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਤੇ ਘੱਟੋ-ਘੱਟ **120** ਸ਼ਬਦਾਂ ਦੀ ਕੋਈ **ਇੱਕ** ਚਿੱਠੀ/ਪੱਤਰ **ਪੰਜਾਬੀ** ਵਿੱਚ ਲਿਖੋ :—

(i) ਆਪਣੇ ਛੋਟੇ ਭਰਾ ਨੂੰ ਇੱਕ ਪੱਤਰ ਲਿਖੋ ਜੋ ਹਰ ਵੇਲੇ ਪੜ੍ਹਦਾ ਹੀ ਰਹਿੰਦਾ ਹੈ ਤੇ ਖੇਡਣ ਵੱਲ ਬਿਲਕੁਲ ਧਿਆਨ ਨਹੀਂ ਦਿੰਦਾ। ਉਸ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਓ।

**ਜਾਂ**

(ii) ਆਲਾ-ਦੁਆਲਾ ਸਾਫ ਰੱਖਣ ਬਾਰੇ ਕਿਸੇ ਅਖਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ।

**Question 3**

Read the passage given below and answer in **Punjabi,** the questions that follow, using your own words as far as possible :—

ਹੇਠ ਲਿਖੇ ਪੈਰ੍ਹੇ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ, ਜਿੱਥੋਂ ਤੱਕ ਹੋ ਸਕੇ ਆਪਣੇ ਸ਼ਬਦਾਂ ਦੀ ਵਰਤੋਂ ਕਰੋ :—

ਸਮਾਂ ਇੱਕ ਵੱਡੀ ਦੌਲਤ ਹੈ। ਜਿਸ ਤਰ੍ਹਾਂ ਪੈਸਾ ਵਿਅਰਥ ਖਰਚਣ ਨਾਲ ਘੱਟ ਜਾਂਦਾ ਹੈ, ਉਸੇ ਤਰ੍ਹਾਂ ਵਿਅਰਥ ਵਿਅਸਤ ਰਹਿਣ ਜਾਂ ਆਲਸ ਨਾਲ ਸਮਾਂ ਵੀ ਹੱਥੋਂ ਨਿਕਲ ਜਾਂਦਾ ਹੈ। ਸਮੇਂ ਦੀ ਮਹੱਤਤਾ ਨੂੰ ਸਮਝਣ ਵਾਲੇ ਵਿਅਕਤੀ ਹਮੇਸ਼ਾ ਕਾਮਯਾਬੀ ਦੀ ਰਾਹ 'ਤੇ ਤੁਰਦੇ ਹਨ। ਸਿਆਣਿਆਂ ਦਾ ਕਥਨ ਹੈ, "ਬੀਤਿਆ ਸਮਾਂ ਹੱਥ ਨਹੀਂ ਆਉਂਦਾ।" ਇਸ ਲਈ ਸਮਾਂ ਬਹੁਤ ਕੀਮਤੀ ਹੈ। ਮਨੁੱਖ ਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਸਮੇਂ ਦੀ ਪਾਬੰਦੀ ਮਨੁੱਖੀ ਜੀਵਨ ਵਿੱਚ ਅੱਤ ਲੋੜੀਂਦੀ ਹੈ। ਜਿਹੜਾ ਵਿਅਕਤੀ ਸਮੇਂ ਦਾ ਪਬੰਧ ਨਹੀਂ ਉਸ ਨੂੰ ਕੋਈ ਵੀ ਚੰਗਾ ਨਹੀਂ ਸਮਝਦਾ। ਜ਼ਿੰਦਗੀ ਵਿੱਚ ਸਫਲਤਾ ਦੇ ਮੁੱਢਲੇ ਅਤੇ ਬੁਨਿਆਦੀ ਨਿਯਮਾਂ ਵਿੱਚ ਇੱਕ ਹੈ ਸਮੇਂ ਦੀ ਪਾਬੰਦੀ। ਸਮੇਂ ਦੀ ਪਾਬੰਦੀ ਦਾ ਅਰਥ ਇਹ ਹੈ ਕਿ ਜੇਕਰ ਅਸੀਂ ਕਿਸੇ ਨੂੰ ਮਿਲਣ ਜਾਣ ਜਾਂ ਕੋਈ ਕੰਮ ਕਰਨ ਦਾ ਸਮਾਂ ਨਿਯਤ ਕੀਤਾ ਹੋਵੇ ਤਾਂ ਸਾਨੂੰ ਉਸ ਸਮੇਂ ਦੀ ਪੂਰੀ ਪਾਬੰਦੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਜਿਹੜਾ ਵਿਅਕਤੀ ਸਮੇਂ ਦਾ ਪਬੰਧ ਹੁੰਦਾ ਹੈ ਉਸਨੂੰ ਸਾਰੇ ਚੰਗਾ ਸਮਝਦੇ ਹਨ ਅਤੇ ਉਹ ਭਰੋਸੇਯੋਗ ਹੁੰਦਾ ਹੈ।

ਸਮੇਂ ਦੀ ਕਦਰ ਕਰਨੀ ਬਹੁਤ ਜ਼ਰੂਰੀ ਹੈ। ਜੋ ਵਿਅਕਤੀ ਆਪਣੇ ਦਿਨ ਦੀ ਯੋਗ ਵਰਤੋਂ ਕਰਦੇ ਹਨ, ਉਹ ਹਰ ਕੰਮ ਵਿੱਚ ਅੱਗੇ ਰਹਿੰਦੇ ਹਨ। ਵਿਦਿਆਰਥੀਆਂ ਲਈ ਵੀ ਸਮੇਂ ਦਾ ਸਹੀ ਉਪਯੋਗ ਬਹੁਤ ਜ਼ਰੂਰੀ ਹੈ। ਚੰਗਾ ਵੀ ਵਿਦਿਆਰਥੀ ਉਹ ਹੈ ਜਿਹੜਾ ਚੰਗੀ ਤਰ੍ਹਾਂ ਵਿਦਿਆ ਪ੍ਰਾਪਤ ਕਰੇ ਇਸ ਤੋਂ ਇਲਾਵਾ ਸਮੇਂ ਦੀ ਪਾਬੰਦੀ ਵੀ ਚੰਗੇ ਵਿਦਿਆਰਥੀਆਂ ਦੇ ਗੁਣਾਂ ਵਿੱਚ ਸ਼ਾਮਿਲ ਹੈ। ਵਿਦਿਆਰਥੀਆਂ ਨੂੰ ਸਮੇਂ ਸਿਰ ਸਕੂਲ ਆਉਣਾ ਚਾਹੀਦਾ ਹੈ ਅਤੇ ਸਮੇਂ ਅਨੁਸਾਰ ਹੀ ਸਾਰੇ ਕੰਮ ਕਰਨੇ ਚਾਹੀਦੇ ਹਨ। ਉਹ ਆਪਣੇ ਪੜ੍ਹਾਈ ਦੇ ਸਮੇਂ ਨੂੰ ਵਿਅਰਥ ਗੁਆ ਲੈਣ, ਤਾਂ ਇਮਤਿਹਾਨਾਂ ਵਿੱਚ ਚੰਗੇ ਨਤੀਜੇ ਨਹੀਂ ਮਿਲਦੇ। ਅਸੀਂ ਵੇਖਦੇ ਹਾਂ ਕਿ ਚਿੜੀਆਂ ਸਵੇਰੇ ਹੀ ਉਠਦੀਆਂ ਅਤੇ ਆਪਣਾ ਖਾਣ-ਪੀਣ ਖੋਜਣ ਲੱਗ ਜਾਂਦੀਆਂ ਹਨ। ਇਨਸਾਨਾਂ ਨੂੰ ਵੀ ਉਨ੍ਹਾਂ ਕੋਲੋਂ ਸਿੱਖਿਆ ਲੈਣੀ ਚਾਹੀਦੀ ਹੈ। ਜਿਹੜੇ ਲੋਕ ਸਮੇਂ ਦੀ ਕਦਰ ਨਹੀਂ ਕਰਦੇ ਉਹ ਜ਼ਿੰਦਗੀ ਦੇ ਵਿੱਚ ਪਿੱਛੇ ਰਹਿ ਜਾਂਦੇ ਹਨ।

Downloaded From www.icseboard.org

ਕੁਝ ਲੋਕ ਸਮੇਂ ਦੀ ਠੀਕ ਵਰਤੋ ਨਹੀਂ ਕਰਦੇ ਹਨ ਕਿਸੇ ਕੰਮ ਨੂੰ ਸਮਾਂ ਜਿਆਦਾ ਵੀ ਲੱਗ ਜਾਵੇ ਤਾਂ ਉਹਨਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ। ਸਮੇਂ ਦੀ ਵਰਤੋਂ ਨਾ ਕਰਨ ਵਾਲੀ ਮਨੁੱਖ ਜ਼ਿੰਦਗੀ ਦੇ ਰਾਹ ਚੋਂ ਪਿੱਛੇ ਰਹਿ ਜਾਂਦੇ ਹਨ। ਜ਼ਿੰਦਗੀ ਵਿੱਚ ਸਫਲ ਹੋਣ ਲਈ ਸਮੇਂ ਦੀ ਕਦਰ ਬਹੁਤ ਜ਼ਰੂਰੀ ਹੈ।

ਅੰਗਰੇਜ਼ ਸਮੇਂ ਦੀ ਬਹੁਤ ਪਾਬੰਦੀ ਨਾਲ ਪਾਲਣਾ ਕਰਦੇ ਹਨ। ਸੰਸਾਰ ਦੇ ਮਹਾਨ ਪੁਰਖ ਵੀ ਸਦਾ ਸਮੇਂ ਦੇ ਪਬੰਧ ਰਹੇ ਹਨ ਕਿਉਂਕਿ ਉਹਨਾਂ ਦਾ ਹਰੇਕ ਪਲ ਬੜਾ ਕੀਮਤੀ ਅਤੇ ਵਡਮੁੱਲਾ ਹੁੰਦਾ ਹੈ।

ਜਿੰਨੇ ਵੱਡੇ ਆਦਮੀ ਹੁੰਦੇ ਹਨ, ਉਹ ਉਨੇ ਹੀ ਸਮੇਂ ਦੀ ਵਧੇਰੇ ਕਦਰ ਕਰਨ ਵਾਲੇ ਹੁੰਦੇ ਹਨ। ਉਹ ਵੱਡੇ ਵੀ ਤਾਂ ਅਜੇਹੇ ਗੁਣਾਂ ਦੇ ਸਹਾਰੇ ਹੀ ਬਣੇ ਹੁੰਦੇ ਹਨ। ਮੁੱਕਦੀ ਗੱਲ ਇਹੀ ਹੈ ਕਿ ਸਾਨੂੰ ਹਮੇਸ਼ਾ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ ਸਮਾਂ ਕਦੇ ਨਹੀਂ ਰੁਕਦਾ, ਇਹ ਆਪਣੀ ਨਿਰੰਤਰ ਚਾਲ ਚਲਦਾ ਰਹਿੰਦਾ ਹੈ।

ਸਮੇਂ ਦੀ ਠੀਕ ਸੰਭਾਲ ਕਰਕੇ ਸਾਨੂੰ ਇਸ ਨੂੰ ਚੰਗੇ ਕੰਮਾਂ ਵਿੱਚ ਲਾ ਕੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਸ਼ਬਦਾਵਲੀ ਵਿੱਚ ਦਿਓ :

(i) ਮਨੁੱਖੀ ਜੀਵਨ ਵਿੱਚ ਸਮੇਂ ਦੀ ਕਦਰ ਕਿਉਂ ਜ਼ਰੂਰੀ ਹੈ ? [2]

(ii) ਜਿਹੜੇ ਲੋਕ ਸਮੇਂ ਦੀ ਵਰਤੋਂ ਨਹੀਂ ਕਰਦੇ ਉਹ ਕਿਸ ਤੋਂ ਪਿੱਛੇ ਰਹਿ ਜਾਂਦੇ ਹਨ ? [2]

(iii) ਉਪਰੋਕਤ ਪੈਰ੍ਹੇ ਵਿੱਚ ਕਿਹੜੀਆਂ ਉਦਾਹਰਨਾਂ ਦੇ ਕੇ ਸਮਝਾਇਆ ਗਿਆ ਹੈ ? [2]

(iv) ਸਮਾਂ ਕਿਸੇ ਲਈ ਨਹੀਂ ਰੁਕਦਾ ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? [2]

(v) ਸ਼ਬਦਾਂ ਦੇ ਅਰਥ ਲਿਖੋ :
ਕਾਮਯਾਬੀ, ਖੋਜਣ, ਵਡਮੁੱਲਾ, ਲੋੜੀਂਦੀ। [2]

**Question 4**

Answer the following questions according to the instructions given below :— [8]

ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਉੱਤਰ ਦਿਉ :-

(i) Choose the correct meanings of the following idioms :—
ਮੁਹਾਵਰਿਆਂ ਦੇ ਸਹੀ ਅਰਥ ਚੁਣੋ :

(1) ਅੱਖਾਂ ਕੱਢਣਾ :
- (a) ਲੜਾਈ ਕਰਨੀ
- (b) ਰੌਲਾ ਪਾਉਣਾ
- (c) ਬਹੁਤ ਗੁੱਸਾ ਕਰਨਾ
- (d) ਧੋਖਾ ਦੇਣਾ

(2) ਕੰਨਾਂ ਦੇ ਕੱਚੇ ਹੋਣਾ :
- (a) ਸ਼ਰਮਿੰਦਾ ਹੋਣਾ
- (b) ਹੈਰਾਨ ਹੋਣਾ
- (c) ਚਲਾਕ ਹੋਣਾ
- (d) ਲਾਈ-ਲੱਗ ਹੋਣਾ

Downloaded From www.icseboard.org

(3) ਚਰਨ ਧੋ ਕੇ ਪੀਣਾ :

(a) ਸਤਿਕਾਰ ਕਰਨਾ

(b) ਬਦਨਾਮੀ ਕਰਨਾ

(c) ਲਗਨ ਪੈਦਾ ਕਰਨਾ

(d) ਬਹੁਤ ਬੋਲਣਾ

(4) ਟਕੇ ਵਰਗਾ ਜਵਾਬ ਦੇਣਾ :

(a) ਸ਼ਰਮਿੰਦਾ ਕਰਨਾ

(b) ਕੋਰੀ ਨਾਂਹ ਕਰਨਾ

(c) ਫਾਲਤੂ ਬੋਲਣਾ

(d) ਨਖ਼ਰੇ ਕਰਨਾ

(ii) Choose the correct option :

ਸਹੀ ਉੱਤਰ ਚੁਣੋ :—

(1) ਮੁੰਡੇ ਖੇਡ ਰਹੇ ਹਨ।

(a) ਭੂਤਕਾਲ

(b) ਵਰਤਮਾਨ ਕਾਲ

(c) ਭਵਿੱਖਤ ਕਾਲ

(d) ਮਹਾਂਕਾਲ

(2) ਜੋ ਕਦੇ ਨਾ ਟੁੱਟੇ :

(a) ਅਮੁੱਕ

(b) ਅਟੁੱਟ

(c) ਅਭੁੱਲ

(d) ਅਸਾਮੀ

(3) ਲੋਹੇ ਦਾ ਕੰਮ ਕਰਨ ਵਾਲਾ :

(a) ਲੁਹਾਰ

(b) ਤਰਖਾਣ

(c) ਸੁਨਿਆਰ

(d) ਪਠਿਆਰ

Downloaded From www.icseboard.org

(4) ਬਹਾਦਰ ਦਾ ਵਿਰੋਧੀ ਸ਼ਬਦ _______ ਹੈ।

(a) ਚਲਾਕ

(b) ਚੁਸਤ

(c) ਕਾਇਰ

(d) ਆਲਸੀ

## SECTION—B (40 Marks)

*Questions from only two of the following textbooks are to be answered.*

*Attempt **four** questions from this section.*

*You must answer at least **one** question from each of the **two** books, you have studied and any **two** other questions from the same books that you have chosen.*

### ਕਥਾ-ਸੰਵੇਦਨਾ

### KATHA-SAMVEDNA

**Question 5**

Read the extract given below and answer in **Punjabi** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਕੀ ਘੜੀ ਮੁੜੀ ਫੋਲਣ ਬਹਿ ਜਾਨੀਐਂ ਬਟੂਏ ਨੂੰ" ਜੀਊਣ ਸਿੰਘ ਨੇ ਮਿੱਠਾ ਜਿਹਾ ਰੋਸ ਪ੍ਰਗਟ ਕੀਤਾ- "ਕਿਤੇ ਵੱਧ ਜਾਣੇ ਨੇ ਘੜੀ ਮੁੜੀ ਗਿਣਨ ਨਾਲ" ?

"ਵਧ ਤੇ ਨਹੀਂ ਜਾਣੇ" ਇੰਦਰ ਕੌਰ ਥੋੜ੍ਹੀ ਜਿਹੀ ਬੇਬਸੀ, ਤੇ ਕੁਝ ਸ਼ਰਮਿੰਦਗੀ ਦੇ ਭਾਵ ਵਿੱਚ ਬੋਲੀ- "ਪਰ ਮੈਨੂੰ ਤੇ ਇਹੋ ਧੁੜਕੂ ਲੱਗਾ ਹੋਇਆ ਏ ਪਈ ਜੇ ਮਾਮੇ ਹੋਰਾਂ ਕੋਲੋਂ ਨਾ ਮਿਲੇ ਤਾਂ ਫੇਰ ਕੀ ਬਣੇਗਾ ?"

**ਚੰਦੋਆ — ਡਾ. ਕਰਤਾਰ ਸਿੰਘ ਸੂਰੀ**

**Chandowa — Dr. Kartaar Singh Suri**

(i) ਉਪਰੋਕਤ ਵਾਰਤਾਲਾਪ ਕਿਨ੍ਹਾਂ ਪਾਤਰਾਂ ਵਿਚਕਾਰ ਤੇ ਕਦੋਂ ਹੋ ਰਹੀ ਹੈ ? [2]

(ii) ਦੋਵੇਂ ਪਾਤਰ ਕਿੱਥੇ ਅਤੇ ਕਿਉਂ ਜਾ ਰਹੇ ਹਨ ? [2]

(iii) ਜੀਊਣ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ ? [3]

(iv) ਇਸ ਕਹਾਣੀ ਵਿੱਚ ਕਹਾਣੀਕਾਰ ਨੇ ਕੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ? [3]

Downloaded From www.icseboard.org

**Question 6**

Read the extract given below and answer in **Punjabi,** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਬੜੀ ਮਸ਼ਹੂਰ ਹੋਈ ਏ ਗੋਲੀ ਕਰਮ ਸਿੰਘ ਦੀ ਉੱਥੇ ਬ੍ਰਹਮਾ ਦੀ ਲੜਾਈ ਵਿੱਚ। ਬਸ ਉਹਦੇ ਘੋੜਾ ਦੱਬਣ ਦੀ ਦੇਰ ਹੁੰਦੀ ਏ, ਅੱਖ ਦੇ ਫੋਰ ਵਿੱਚ ਇੱਕ ਜਪਾਨੀ ਹੇਠਾਂ ਲੇਟ ਜਾਂਦਾ ਏ। ਸਾਨੂੰ ਟੁਰਦਿਆਂ ਪਤਾ ਵੀ ਨਹੀਂ ਲੱਗਦਾ ਉਸ ਲੱਭ ਕਿੱਥੋਂ ਲਿਆ।"

**ਧਰਤੀ ਹੇਠਲਾ ਬੌਲਦ — ਕੁਲਵੰਤ ਸਿੰਘ ਵਿਰਕ**

**Dharti Hethla Bhulda — Kulwant Singh Virk**

(i) ਮਾਨ ਸਿੰਘ ਅਤੇ ਕਰਮ ਸਿੰਘ ਦਾ ਆਪਸ ਵਿੱਚ ਕੀ ਰਿਸ਼ਤਾ ਸੀ ਤੇ ਦੋਵਾਂ ਦਾ ਫੌਜ ਵਿੱਚ ਕਿਹੜਾ-ਕਿਹੜਾ ਅਹੁਦਾ ਸੀ ? [2]

(ii) ਮਾਨ ਸਿੰਘ ਛੁੱਟੀ ਤੇ ਕਿੱਥੇ ਜਾ ਰਿਹਾ ਸੀ ? [2]

(iii) ਮਾਨ ਸਿੰਘ ਨੂੰ ਕਰਮ ਸਿੰਘ ਦੇ ਘਰ ਵਿੱਚ ਕਿਹੜੀ ਪਰੇਸ਼ਾਨੀ ਹੋ ਰਹੀ ਸੀ ? ਉਸ ਪਰੇਸ਼ਾਨੀ ਸਬੰਧੀ ਬਾਅਦ ਵਿੱਚ ਉਸ ਨੂੰ ਕੀ ਮਹਿਸੂਸ ਹੋਇਆ ? [3]

(iv) 'ਧਰਤੀ ਹੇਠਲਾ ਬੌਲਦ' ਕਹਾਣੀ ਸਾਨੂੰ ਕੀ ਦੱਸਣ ਦਾ ਯਤਨ ਕਰ ਰਹੀ ਹੈ ? [3]

**Question 7**

Read the extract given below and answer in **Punjabi,** the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਜਦੋਂ ਅਸੀਂ ਮਨੁੱਖੀ ਆਜ਼ਾਦੀ ਲਈ ਜੱਦੋ-ਜਹਿਦ ਸ਼ੁਰੂ ਕੀਤੀ ਸੀ ਤਾਂ ਸਾਨੂੰ ਡਾਕੂ ਕਿਹਾ ਜਾਂਦਾ ਸੀ-ਬੈਂਡਿਟਜ਼। ਜਦੋਂ ਸਾਡੀ ਤਹਿਰੀਕ ਥੋੜ੍ਹੀ ਸਫ਼ਲ ਹੋਈ ਤਾਂ ਅਸੀਂ ਅੱਤਵਾਦੀ ਹੋ ਗਏ। ਜਦੋਂ ਕਾਮਯਾਬੀ ਸਾਡੇ ਪੈਰ ਚੁੰਮਣ ਲੱਗੀ ਤਾਂ ਅਸੀਂ ਇਨਕਲਾਬੀ ਅਖਵਾਉਣ ਲੱਗੇ ਤੇ ਜਦੋਂ ਅਸੀਂ ਲੜਾਈ ਜਿੱਤ ਲਈ ਤਾਂ ਦੇਸ਼ ਭਗਤ ਬਣ ਗਏ ਅਤੇ ਸਾਡੇ ਵਿਛੜੇ ਸਾਥੀ ਸ਼ਹੀਦ।"

**ਸ਼ਹੀਦ — ਕੇ.ਐਲ. ਗਰਗ**

**Shaheed — K. L. Garg**

(i) ਪੁੱਤਰ ਆਪਣੇ ਪਿਤਾ ਨਾਲ ਕਿਸ ਵਿਸ਼ੇ ਦੇ ਸਬੰਧ ਵਿੱਚ ਗੱਲਬਾਤ ਕਰ ਰਿਹਾ ਹੈ ਅਤੇ ਕਿਉਂ ? [2]

(ii) ਲੇਖਕ ਨੂੰ ਕਿਸੇ ਇਨਕਲਾਬੀ ਦੇ ਕਹੇ ਹੋਏ ਕਿਹੜੇ ਸ਼ਬਦ ਯਾਦ ਆਉਂਦੇ ਹਨ ? [2]

(iii) ਕਹਾਣੀ ਵਿਚਲੇ ਬੱਚੇ ਦੇ ਸੰਬੰਧ ਵਿੱਚ ਆਪਣੇ ਸ਼ਬਦਾਂ ਵਿੱਚ ਵਿਚਾਰ ਦਿਉ। [3]

(iv) 'ਸ਼ਹੀਦ' ਕਹਾਣੀ ਵਿੱਚ ਕਹਾਣੀਕਾਰ ਦੁਆਰਾ ਕੀ ਦੱਸਣ ਦਾ ਯਤਨ ਕੀਤਾ ਗਿਆ ਹੈ ? [3]



Downloaded From www.icseboard.org

### ਕਾਵਿ-ਸੰਵੇਦਨਾ

### KAV-SAMVEDNA

**Question 8**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਵੇ ਦਰਦਮੰਦਾ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ,
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ,
ਕਿਸ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ,
ਤੇ ਉਹਨਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ।

**ਅੱਜ ਆਖਾਂ ਵਾਰਿਸ ਸ਼ਾਹ ਨੂੰ — ਅੰਮ੍ਰਿਤਾ ਪ੍ਰੀਤਮ**

**Ajj Aakhaan Waris Shah Nu — Amrita Pritam**

(i) ਕਵਿੱਤਰੀ ਵਾਰਿਸ ਸ਼ਾਹ ਨੂੰ ਕੀ ਕਹਿੰਦੀ ਹੈ ? [2]

(ii) ਪਾਣੀ ਵਿੱਚ ਜ਼ਹਿਰ ਕਿਹੜਾ ਮਿਲਿਆ ਸੀ ਤੇ ਕਿਸ ਨੇ ਇਹ ਜ਼ਹਿਰ ਮਿਲਾਇਆ ਸੀ ? [2]

(iii) ਪੰਜਾਂ ਪਾਣੀਆਂ ਤੋਂ ਕੀ ਭਾਵ ਹੈ ਤੇ ਪੰਜ ਦਰਿਆਵਾਂ ਦੇ ਨਾਂ ਲਿਖੋ। [3]

(iv) ਕਵਿੱਤਰੀ ਨੇ ਇਸ ਕਵਿਤਾ ਵਿੱਚ ਕੀ ਦੱਸਿਆ ਹੈ ? [3]

**Question 9**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਜਿਉਣਾ ਹੁੰਦਾ ਉਸ ਮਰਦ ਦਾ ਕਿਸੇ ਲਈ ਜੋ ਮਰਦਾ ਹੈ,
ਆਪਣੇ ਦੇਸ਼ ਕੌਮ ਦੀ ਖਾਤਰ ਜੀਵਨ ਅਰਪਣ ਕਰਦਾ ਹੈ,
ਨੂਰਪੁਰੀ ਬੰਦ ਕਰਦੇ ਬੀਬਾ ਝੂਠੀਆਂ ਹੋਰ ਦੁਕਾਨਾਂ ਨੂੰ,
ਉਹ ਦੁਨੀਆ ਦੇ ਬੰਦਿਓ ਪੂਜੋ, ਉਹਨਾਂ ਨੇਕ ਇਨਸਾਨਾਂ ਨੂੰ,
ਦੇਸ਼ ਦੀ ਖਾਤਰ ਵਾਰ ਗਏ ਜੋ ਪਿਆਰੀਆਂ-ਪਿਆਰੀਆਂ ਜਾਨਾਂ ਨੂੰ।

**ਜਿਉਂਦੇ ਭਗਵਾਨ — ਨੰਦ ਲਾਲ ਨੂਰਪੁਰੀ**

**Jionde Bhagwan — Nand Lal Noorpuri**

(i) ਇਸ ਕਵਿਤਾ ਵਿੱਚ ਕਿਸ ਦਾ ਜਿਉਣਾ ਸਫਲ ਮੰਨਿਆ ਗਿਆ ਹੈ ? [2]

(ii) ਕਵੀ ਨੇ ਜਿਉਂਦੇ ਭਗਵਾਨ ਕਿਸ ਨੂੰ ਕਿਹਾ ਹੈ ਤੇ ਕਿਉਂ ? [2]

(iii) ਤੁਹਾਡੇ ਅਨੁਸਾਰ ਸੱਚਾ ਇਨਸਾਨ ਕੌਣ ਹੈ ? [3]

(iv) ਕਵਿਤਾ ਰਾਹੀਂ ਕਵੀ ਕੀ ਸੁਨੇਹਾ ਦੇਣਾ ਚਾਹੁੰਦਾ ਹੈ ? [3]

Downloaded From www.icseboard.org

**Question 10**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਯਾਰ ਮੇਰੇ ਜੋ ਇਸ ਆਸ ਤੇ ਮਰ ਗਏ
ਕਿ ਮੈਂ ਉਹਨਾਂ ਦੇ ਦੁੱਖ ਦਾ ਬਣਾਵਾਂਗਾ ਗੀਤ
ਜੇ ਮੈਂ ਚੁੱਪ ਹੀ ਰਿਹਾ, ਜੇ ਮੈਂ ਕੁਝ ਨਾ ਕਿਹਾ
ਬਣ ਕੇ ਰੂਹਾਂ ਭਟਕਦੇ ਰਹਿਣਗੇ।

**ਹਨੇਰਾ ਜਰੇਗਾ ਕਿਵੇਂ — ਸੁਰਜੀਤ ਪਾਤਰ**

**Hanera Jarega Kevne — Surjeet Pater**

(i) ਕਵੀ ਦੇ ਦੋਸਤ ਉਸ ਕੋਲੋਂ ਕੀ ਆਸ ਰੱਖਦੇ ਸਨ ? [2]

(ii) ਇਸ ਕਵਿਤਾ ਵਿੱਚ ਕਵੀ ਨੇ ਕੀ ਦੱਸਿਆ ਹੈ ? [2]

(iii) ਦੋਸਤਾਂ ਨੂੰ ਕਿਹੜਾ ਦੁੱਖ ਸੀ ਤੇ ਕਵੀ ਦੀ ਸੋਚ ਕਿਵੇਂ ਦੀ ਸੀ ? [3]

(iv) ਇਸ ਕਵਿਤਾ ਦਾ ਵਿਸ਼ਾ ਕੀ ਹੈ ? [3]

## ਪਤਾਲ ਦੇ ਗਿੱਠਮੁਠੀਏ — ਜਸਬੀਰ ਭੁੱਲਰ

## PATAAL DE GITHMUTHIYE — JASBIR BHULLAR

**Question 11**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

'ਸਾਡੇ ਕੀਹਨੇ ਆਖਿਆ ਹੈ ਤੁਹਾਨੂੰ ? ਮਾਂਡਣੂੰ ਰਾਜੇ ਨੇ ਦੰਦੀਆਂ ਕਰੀਚੀਆਂ'

'ਸਾਡੇ ਰਾਜੇ ਨੇ ਹੋਰ ਕੀਹਨੇ।'

'ਮਾਂਡਣੂੰ ਰਾਜੇ ਦੇ ਗੁੱਸੇ ਵਿੱਚ ਸਰੀਰ ਕੰਬਣ ਲੱਗ ਪਿਆ। ਉਸ ਨੇ ਪੁੱਛਿਆ,'....... ਤੇ ਮੈਂ ਕੌਣ ਹਾਂ ਫਿਰ।

'ਸਾਨੂੰ ਕੀ ਪਤਾ! ਅਸੀਂ ਕਿਹੜਾ ਤੈਨੂੰ ਪਹਿਲੋਂ ਮਿਲੇ ਹਾਂ ਕਦੀ ?'

(i) ਉਪਰੋਕਤ ਵਾਰਤਾਲਾਪ ਦਾ ਪ੍ਰਸੰਗ ਕੀ ਹੈ ? [2]

(ii) ਉਪਰੋਕਤ ਵਾਰਤਾਲਾਪ ਵਿੱਚ 'ਸਾਡੇ ਰਾਜੇ ਨੇ' ਸ਼ਬਦ ਕਿਸ ਲਈ ਵਰਤਿਆ ਗਿਆ ਹੈ ? [2]

(iii) ਮਾਡਣੂੰ ਨੂੰ ਗੁੱਸਾ ਕਿਉਂ ਆਇਆ ? [3]

(iv) ਮਾਡਣੂੰ ਰਾਜੇ ਸਬੰਧੀ ਸੰਖੇਪ ਵਿੱਚ ਲਿਖੋ। [3]

Downloaded From www.icseboard.org

### Question 12

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਇਮੂ ਦੇ ਮਾਂ ਬਾਪ ਨੇ ਇੱਕ ਵਾਰ ਇਮੂ ਨੂੰ ਦੱਸਿਆ ਸੀ ਕਿ ਸ਼ਾਹੀ ਘੁਰਨਿਆਂ ਵੱਲ ਜਾ ਕੇ ਕਦੇ ਕੋਈ ਵਾਪਸ ਨਹੀਂ ਸੀ ਮੁੜਿਆ। ਉਹ ਚਾਹੁੰਦੇ ਸਨ ਕਿ ਇਮੂ ਕਦੇ ਵੀ ਸ਼ਾਹੀ ਘੁਰਨਿਆਂ ਵਾਲੇ ਜਾਣ ਬਾਰੇ ਨਾ ਸੋਚੇ ਪਰ ਇਮੂ ਆਪਣੇ ਫਰਜ਼ ਤੋਂ ਮੂੰਹ ਨਹੀਂ ਸੀ ਮੋੜ ਸਕਦਾ। ਉਹ ਉੱਠ ਕੇ ਖਲੋ ਗਿਆ ਤੇ ਪੁੱਛਿਆ, ਇਹ ਸ਼ਾਹੀ ਘੁਰਨੇ ਕਿੱਥੇ ਨੇ ?.... ਅਸੀਂ ਉੱਥੇ ਪਹੁੰਚਾਂਗੇ ਕਿਸ ਤਰ੍ਹਾਂ ?"

(i) ਸ਼ਾਹੀ ਘੁਰਨਿਆਂ ਵੱਲ ਜਾਣ ਤੋਂ ਕਿਉਂ ਮਨਾ ਕੀਤਾ ਗਿਆ ਸੀ ? [2]

(ii) ਇਮੂ ਨੇ ਕਿਹੜੇ ਫਰਜ਼ ਤੋਂ ਮੂੰਹ ਨਹੀਂ ਸੀ ਮੋੜਿਆ ? ਉਸ ਨੇ ਸ਼ਾਹੀ ਘੁਰਨਿਆਂ ਵੱਲ ਜਾਣ ਦਾ ਫੈਸਲਾ ਕਿਉਂ ਕੀਤਾ ? [2]

(iii) ਉਸਨੇ ਸ਼ਾਹੀ ਘੁਰਨਿਆਂ ਦਾ ਰਾਹ ਕਿਸ ਤੋਂ ਪੁੱਛਿਆ ? [3]

(iv) ਉੱਥੇ ਪਹੁੰਚਣ ਦੇ ਕਿਹੜੇ ਰਾਹ ਸਨ ? ਉਹ ਕਿਸ ਰਾਹ ਵੱਲੋਂ ਗਏ ? [3]

### Question 13

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

"ਸ਼ਕਤੀ ਸੈਨਾਪਤੀ ਦੇ ਮੱਥੇ ਨੂੰ ਚੜ੍ਹ ਗਈ ਹੈ। ਦਰਅਸਲ ਉਹ ਆਪਣੇ ਅਹੁਦੇ ਦੇ ਯੋਗ ਨਹੀਂ। ਉਸਨੇ ਹਮੇਸ਼ਾ ਰਾਜ-ਕਾਜ ਦੇ ਕੰਮ ਵਿੱਚ ਕੁਤਾਹੀ ਵਰਤੀ ਹੈ। ਉਸ ਨੇ ਚੋਰੀ-ਛਿਪੇ ਗਿਠਮੁਠੀਏ ਦਾ ਕੱਦ ਵਧਾਉਣ ਦੀ ਪ੍ਰੋੜਤਾ ਵੀ ਕੀਤੀ ਹੈ, ਉਸ ਨੇ ......।"

(i) ਇਹ ਵਾਕ ਕਿਸ ਨੇ ਕਿਸ ਨੂੰ ਕਹੇ ? [2]

(ii) ਇਹ ਵਾਕ ਕਿਸ ਬਾਰੇ ਹਨ ਤੇ ਉਹ ਕਿਉਂ ਕਹਿ ਰਿਹਾ ਹੈ ? [2]

(iii) ਇਸ ਵਾਰਤਾਲਾਪ ਤੋਂ ਪਹਿਲਾਂ ਕਿਹੜੀ ਘਟਨਾ ਵਾਪਰੀ ਸੀ ? [3]

(iv) ਇਨ੍ਹਾਂ ਗੱਲਾਂ ਦਾ ਉਸ ਨੂੰ ਕੀ ਜਵਾਬ ਮਿਲਿਆ ? [3]

Downloaded From www.icseboard.org

ਮੰਚ-ਮਹਿਕ

**MANCH MEHAK**

**Question 14**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਬਸੰਤੋ — ਸੁਣ ਮੇਰੀ ਗੱਲ ਮੇਲੋ, ਉੱਠ ਤੂੰ ਨੱਸ ਜਾ ਆਪਣੀ ਮਾਸੀ ਦੇ ਪਿੰਡ ਨੂੰ। ਚੁੰਨੀ ਮੂੰਹ ਤੇ ਕਰ ਲੈ, ਕੋਈ ਨਹੀਂ ਜਾਣੇਗਾ। ਏਸ ਵੇਲੇ ਚਲੀ ਜਾ, ਪਿੱਛੋਂ ਸਭ ਵੇਖੀ ਜਾਏਗੀ। ਚਲੀ ਜਾ, ਨਸ ਜਾ ਛੇਤੀ।

ਮੇਲੋ — ਨਹੀਂ ਨਹੀਂ ਇਹ ਨਹੀਂ ਹੋ ਸਕਦਾ। ਮੈਨੂੰ ਮਰਨ ਈ ਦੇ, ਤਦ ਮੇਰੀ ਖਲਾਸੀ ਹੋਊ।

**ਸੁਹਾਗ — ਈਸ਼ਵਰ ਚੰਦਰ ਨੰਦਾ**

**Suhag — Ishwar Chander Nanda**

(i) ਉਪਰੋਕਤ ਵਾਰਤਾਲਾਪ ਕਿਸ ਪ੍ਰਸੰਗ ਵਿੱਚੋ ਹੋ ਰਹੀ ਹੈ ? [2]

(ii) ਬਸੰਤੋ ਮੇਲੋ ਨੂੰ ਕੀ ਸਮਝਾਉਣ ਦਾ ਯਤਨ ਕਰ ਰਹੀ ਹੈ ? [2]

(iii) ਮੇਲੋ ਦਾ ਪਿਤਾ ਕੌਣ ਹੈ ? ਉਹ ਆਪਣੀ ਧੀ ਦਾ ਵਿਆਹ ਕਿਸ ਨਾਲ ਅਤੇ ਕਿਉਂ ਕਰਨਾ ਚਾਹੁੰਦਾ ਹੈ ? [3]

(iv) 'ਸੁਹਾਗ' ਇਕਾਂਗੀ ਵਿੱਚ ਇਕਾਂਗੀਕਾਰ ਨੇ ਕੀ ਦੱਸਣ ਦਾ ਯਤਨ ਕੀਤਾ ਹੈ ? [3]

**Question 15**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਨੀਲਪਰੀ - ਯਾਨੀ ਕਿ ਤੁਹਾਡੀ ਅਧੂਰੀ ਖਾਹਿਸ਼ ਹੈ, ਜੋ ਤੁਸੀਂ ਆਪ ਪੂਰੀ ਨਹੀਂ ਸਕੇ ਅਤੇ ਹੁਣ ਆਪਣੇ ਬੱਚਿਆਂ ਤੋਂ ਪੂਰੀ ਕਰਵਾਉਣੀ ਚਾਹੁੰਦੇ ਹੋ। ਪਰ ਮੰਨ ਲਓ, ਜੇ ਤੁਹਾਡੇ ਬੱਚੇ ਡਾਕਟਰ ਤੇ ਇੰਜੀਨੀਅਰ ਬਣ ਵੀ ਜਾਣ ਪਰ ਤੁਹਾਨੂੰ ਇਸ ਦਾ ਕੀ ਫਾਇਦਾ...... ?

ਪਾਪਾ - ਲਓ ਫਾਇਦਾ ਕਿਉਂ ਨਹੀਂ। ਬੱਚੇ ਡਾਕਟਰ ਇੰਜੀਨੀਅਰ ਹੋਣ ਤਾਂ ਸੋਸਾਇਟੀ ਵਿੱਚ ਬੜੀ ਇੱਜ਼ਤ ਬਣਦੀ ਏ। ਲੋਕ ਗੱਲਾਂ ਕਰਿਆ ਕਰਨਗੇ ਕਿ ਉਹ! ਉਹ ਫਲਾਣੇ ਡਾਕਟਰ ਦਾ ਪਿਓ ਜਾਂਦਾ ਪਿਆ ਏ।

**ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ — ਪਾਲੀ ਭੁਪਿੰਦਰ**

**Phullan Nu Kitaban Vich Na Rakho — Pali Bhupinder**

Downloaded From www.icseboard.org

(i) ਨੀਲਪਰੀ ਆਪਣੇ ਦਰਬਾਰ ਵਿੱਚ ਮਾਪਿਆਂ ਨੂੰ ਕਿਉਂ ਬੁਲਾਉਂਦੀ ਹੈ ? [2]

(ii) ਮਾਪੇ ਆਪਣੀਆਂ ਅਧੂਰੀਆਂ ਇੱਛਾਵਾਂ ਕਿਵੇਂ ਪੂਰੀਆਂ ਕਰਨਾ ਚਾਹੁੰਦੇ ਹਨ ਅਤੇ ਕਿਉਂ ? [2]

(iii) ਨੀਲਪਰੀ ਬਾਰੇ ਤੁਸੀਂ ਕੀ ਜਾਣਦੇ ਹੋ ? [3]

(iv) 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' ਇਕਾਂਗੀ ਤੋਂ ਕੀ ਸਿੱਖਿਆ ਮਿਲਦੀ ਹੈ ? [3]

**Question 16**

Read the extract given below and answer in **Punjabi**, the questions that follow :—

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸ ਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ **ਪੰਜਾਬੀ** ਵਿੱਚ ਦਿਉ :—

ਬਿਮਲਾ : ਜੀਜਾ ਜੀ ਖੁਸ਼ਬੂ ਦੀ ਭਲੀ ਪੁੱਛੀ ਜੇ। ਪਰਸੋਂ ਮੇਰਾ ਦਿਉਰ ਪਿਆ ਦੱਸਦਾ ਸੀ ਕਿ ਅਸਲੀ ਘਿਓ ਦੀ ਖੁਸ਼ਬੂ ਦਾ ਇੱਕ ਸੈਂਟ ਬਣਿਆ ਹੋਇਆ ਏ ਜੋ ਨਿਰੇ ਬਨਸਪਤੀ ਵਿੱਚ ਮਿਲਾ ਦਿੰਦੇ ਨੇ।

**ਦੁਸ਼ਮਣ — ਗੁਰਚਰਨ ਸਿੰਘ ਜਸੂਜਾ**

**Dushman — Gurcharan Singh Jasuja**

(i) ਉਪਰੋਕਤ ਸ਼ਬਦ ਕਿਸ ਸੰਦਰਭ ਵਿੱਚ ਕਹੇ ਗਏ ? [2]

(ii) ਡਾਕਟਰ ਰਘੂਨਾਥ ਨੂੰ ਕੀ-ਕੀ ਖਾਣ ਦੀ ਸਲਾਹ ਦਿੰਦਾ ਹੈ ? [2]

(iii) ਬਿਮਲਾ ਕਿਹੋ ਜਿਹਾ ਸੁਭਾਅ ਦੀ ਮਾਲਕ ਹੈ ? [3]

(iv) ਇਕਾਂਗੀ ਵਿੱਚ ਅਸਲ ਦੁਸ਼ਮਣ ਕੌਣ ਹਨ ਅਤੇ ਉਨ੍ਹਾਂ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ ? [3]



Downloaded From www.icseboard.org